
# ਪੰਜਾਬ ਦੇ ਮੇਲੇ ਤੇ ਤਿਉਹਾਰ


• ਡਾ.ਐੱਸ. ਐੱਸ.ਵਣਜਾਰਾ ਬੇਦੀ


ਪ੍ਰਸ਼ਨ :ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ ?

ਉੱਤਰ - ਮੇਲੇ ਕਿਸੇ ਜਾਤੀ ਦੀ ਸੰਸਕ੍ਰਿਤਿਕ ਨੁਹਾਰ ਨੂੰ ਪੂਰੇ ਰੰਗ ਵਿੱਚ ਪ੍ਰਤੀਬਿੰਬਤ ਕਰਦੇ ਹਨ। ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ ਹੈ। ਲੋਕਾਂ ਦੀ ਪ੍ਰਤਿਭਾ ਨਿਖਰਦੀ ਹੈ। ਮੇਲਿਆਂ ਵਿੱਚ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮੇਲੇ ਮਨ-ਪ੍ਰਚਾਵੇ ਅਤੇ ਮੇਲ -ਜੋਲ ਦੇ ਵਸੀਲੇ ਹੋਣ ਦੇ ਨਾਲ- ਨਾਲ ਧਾਰਮਿਕ ਅਤੇ ਕਲਾਤਮਿਕ ਭਾਵਾਂ ਦੀ ਪੂਰਤੀ ਕਰਦੇ ਹਨ ।ਇਨ੍ਹਾਂ ਵਿੱਚ ਜਾਤੀ ਦਾ ਸਮੁੱਚਾ ਮਨ ਤਾਲ-ਬੱਧ ਹੋ ਕੇ ਨੱਚਦਾ ਹੈ ਤੇ ਇੱਕ ਸੁਰ ਹੋ ਕੇ ਗੂੰਜਦਾ ਹੈ ।




ਪ੍ਰਸ਼ਨ : ਮੇਲਾ ਸ਼ਬਦ ਬੀਜ- ਰੂਪ ਵਿੱਚ ਪੰਜਾਬੀ ਚਰਿੱਤਰ ਵਿਚ ਸਮਾਇਆ ਹੋਇਆ ਹੈ। ਦੱਸੋ ਕਿਵੇਂ ?

ਉੱਤਰ:ਮੇਲਾ ਬੀਜ- ਰੂਪ ਵਿੱਚ ਪੰਜਾਬੀ ਚਰਿੱਤਰ ਵਿਚ ਸਮਾਇਆ ਹੋਇਆ ਹੈ । ਪੰਜਾਬੀਆਂ ਲਈ ,ਹਰ ਦਿਨ, ਹਰ ਪਲ ਤੇ ਹਰ ਪੁਰਬ ਮੇਲਾ ਹੁੰਦਾ ਹੈ ।ਪੰਜਾਬੀਆਂ ਦੀ ਮੇਲੇ ਨੂੰ ਮਨਾਉਣ ਦੀ ਪ੍ਰਵਿਰਤੀ ਨੂੰ ਦੇਖਦੇ ਹੋਏ ਦੂਜੇ ਪ੍ਰਾਂਤਾਂ ਵਾਲੇ ਲੋਕ ਕਹਿੰਦੇ ਹਨ ਕਿ ਪੰਜਾਬੀ ਤਾਂ ਦੁਨੀਆਂ ਵਿੱਚ ਆਏ ਹੀ ਮੇਲਾ ਮਨਾਉਣ ਲਈ ਹਨ । ਜਿੱਥੇ ਚਾਰ- ਛੇ ਪੰਜਾਬੀ ਇਕੱਠੇ ਜੁੜ ਜਾਣ, ਉਹ ਤੁਰਦਾ -ਫਿਰਦਾ ਮੇਲਾ ਬਣ ਜਾਂਦਾ ਹੈ ।ਪਰ ਜਦੋਂ ਸੱਚਮੁੱਚ ਹੀ ਤਿਉਹਾਰ ਜਾਂ ਮੇਲਾ ਹੋਵੇ ,ਫੇਰ ਤਾਂ ਪੰਜਾਬੀਆਂ ਦਾ ਜਲਾਲ ਤੇ ਭਖਦਾ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ। ਮੇਲਾ ਇੱਕੋ ਇੱਕ ਅਜਿਹਾ ਇਕੱਠ ਹੈ, ਜਿਸ ਵਿੱਚ ਸਭ ਲਾੜੇ ਹੁੰਦੇ ਹਨ, ਬਰਾਤੀ ਕੋਈ ਵੀ ਨਹੀਂ ਹੁੰਦਾ ।ਪੰਜਾਬੀ ਤਾਂ ਸੱਚਮੁੱਚ ਹੀ ਮੇਲੇ ਵਿੱਚ

ਲਾੜਾ ਬਣਿਆ ਫਿਰਦਾ ਹੈ, ਉਸ ਦਾ 'ਨਿੱਜ' ਘੋੜੀ ਚੜ੍ਹਿਆ ਹੁੰਦਾ ਹੈ ।ਮੇਲੇ ਦਾ ਦ੍ਰਿਸ਼ ਮਨਮੋਹਣਾ ਤੇ ਲੁਭਾਵਣਾ ਹੋਣ ਦੇ ਨਾਲ ਨਾਲ ਸੱਭਿਆਚਾਰਕ ਪ੍ਰਤੀਨਿਧਤਾ ਵੀ ਕਰਦਾ ਹੈ। ਪੰਜਾਬੀ ਹਰ ਪੂਰਬ 'ਤੇ ਮੇਲੇ ਉੱਤੇ ਕੋਈ ਨਵੀਂ ਚੀਜ਼ ਜ਼ਰੂਰ ਖਰੀਦਦੇ ਹਨ ।ਇਸ ਲਈ ਹਰ ਮੇਲੇ ਵਿਚ ਭਰਪੂਰ ਬਾਜ਼ਾਰ ਉੱਭਰ ਆਉਂਦਾ ਹੈ ।




ਪ੍ਰਸ਼ਨ : ਪੰਜਾਬ ਦੇ ਮੇਲਿਆਂ ਦੀ ਕਿਹੜੀ- ਕਿਹੜੀ ਵਿਸ਼ੇਸ਼ਤਾ ਹੈ ?

ਉੱਤਰ: ਪੰਜਾਬ ਵਿਚ ਕਈ ਸਾਰੇ ਮੇਲੇ ਲੱਗਦੇ ਹਨ। ਇਨ੍ਹਾਂ ਮੇਲਿਆਂ ਦਾ ਨਿਵੇਕਲਾ ਹੀ ਰੰਗ ਹੁੰਦਾ ਹੈ ।ਪੰਜਾਬੀ ਜੀਵਨ ਵਿੱਚ ਮੇਲਿਆਂ ਅਤੇ ਤਿਉਹਾਰਾਂ ਦਾ ਕਾਫ਼ਲਾ ਸਾਲ ਦੇ ਆਰੰਭ ਤੋਂ ਲੈ ਕੇ ਅੰਤ ਤਕ ਚਲਦਾ ਰਹਿੰਦਾ ਹੈ। ਮੇਲਾ ਅਜਿਹਾ ਇਕੱਠ ਹੈ ,ਜਿਥੇ ਸਭ ਲਾੜੇ ਹੁੰਦੇ ਹਨ ਅਤੇ ਬਰਾਤੀ ਕੋਈ ਵੀ ਨਹੀਂ ।



**ਬਹੁਪੱਖੀ ਜ਼ਿੰਦਗੀ:** ਪੰਜਾਬ ਦੇ ਮੇਲਿਆਂ ਦਾ ਜਲੌਅ ਵੇਖਣ ਵਾਲਾ ਹੁੰਦਾ ਹੈ। ਪੰਜਾਬ ਦੇ ਹਰ ਮੇਲੇ ਦੀ ਆਪਣੀ ਨਿਵੇਕਲੀ ਸ਼ਖਸੀਅਤ ਰੰਗ ਅਤੇ ਚਰਿੱਤਰ ਹੁੰਦਾ ਹੈ। ਇਨ੍ਹਾਂ ਦੀ ਬਹੁ-ਰੰਗਤਾ ਹੀ ਪੰਜਾਬੀਆਂ ਦੀ ਬਹੁ -ਪੱਖੀ ਜ਼ਿੰਦਗੀ ਦਾ ਹੁੰਗਾਰਾ ਭਰਦੀ ਹੈ ।

**ਮਨਮੋਹਣਾ ਦ੍ਰਿਸ਼:** ਮੇਲਾ ਇਕ ਅਜਿਹਾ ਇਕੱਠ ਹੈ, ਜਿਸ ਵਿੱਚ ਸਭ ਲਾੜੇ ਬਣੇ ਨਜ਼ਰ ਆਉਂਦੇ ਹਨ। ਚਾਰੇ -ਪਾਸੇ ਵੇਖਿਆ ਮੇਲੇ ਦਾ ਦ੍ਰਿਸ਼ ਬੜਾ ਹੀ ਮਨਮੋਹਣਾ ਅਤੇ ਲੁਭਾਵਣਾ ਨਜ਼ਰ ਆਉਂਦਾ ਹੈ ।ਇਹ ਮਨਮੋਹਣਾ ਦ੍ਰਿਸ਼ ਸਾਡੀ ਸੱਭਿਆਚਾਰਕ ਪ੍ਰਤੀਨਿਧਤਾ ਕਰਦਾ ਹੈ।

**ਭਰਪੂਰ ਬਾਜ਼ਾਰ :** ਉਂਜ ਤਾਂ ਪੰਜਾਬੀਆਂ ਲਈ ਹਰ ਪਲ, ਹਰ ਪੁਰਬ ਮੇਲਾ ਹੁੰਦਾ ਹੈ, ਪਰ ਜਦੋਂ ਉਚੇਚੇ ਤੌਰ ਤੇ ਉਹ ਮੇਲੇ ਜਾਂਦੇ ਹਨ ਤਾਂ ਕੋਈ ਨਾ ਕੋਈ ਚੀਜ ਜ਼ਰੂਰ ਖਰੀਦਦੇ ਹਨ। ਇਸ ਲਈ ਹਰ ਮੇਲੇ ਵਿੱਚ ਭਰਪੂਰ ਬਾਜ਼ਾਰ ਉੱਭਰ ਕੇ ਸਾਹਮਣੇ ਆਉਂਦਾ ਹੈ। ਜਿੱਥੇ ਖਾਣ- ਪੀਣ ਦੀਆਂ ਵੰਨ- ਸੁਵੰਨੀਆਂ ਚੀਜ਼ਾਂ ਦੇ ਨਾਲ ਨਿੱਤ ਵਰਤੋਂ ਦਾ ਨਿੱਕ-ਸੁੱਕ, ਚੂੜੀਆਂ, ਵੰਗਾਂ, ਖਿਡੌਣੇ ਆਦਿ ਦੀਆਂ ਦੁਕਾਨਾਂ ਸਜੀਆਂ ਹੁੰਦੀਆਂ ਹਨ।

**ਸ਼ਿਲਪ-ਕਲਾ ਦੇ ਨਮੂਨੇ:** ਕਿਉਂਕਿ ਪੰਜਾਬ ਦੇ ਮੇਲਿਆਂ ਵਿੱਚ ਭਰਪੂਰ ਬਾਜ਼ਾਰ ਹੁੰਦਾ ਹੈ ।ਇਸ ਲਈ ਨਿੱਕ-ਸੁੱਕ, ਹਾਰ -ਸ਼ਿੰਗਾਰ ਤੇ ਤੇ ਨੇੜਲੇ ਇਲਾਕੇ ਦੇ ਕਲਾਕਾਰ, ਸ਼ਿਲਪੀ ਆਪਣੀ- ਆਪਣੀ ਕਲਾ ਦੀਆਂ ਮਿਸਾਲਾਂ ਮੇਲੇ ਵਿੱਚ ਲੈ ਕੇ ਆਉਂਦੇ ਹਨ। ਮੇਲੇ ਸ਼ਿਲਪ ਅਤੇ ਰੋਜ਼ੀ- ਰੋਟੀ ਕਮਾਉਣ ਦਾ ਸਾਧਨ ਬਣਦੇ ਹਨ ।

**ਚਰਿੱਤਰ ਦਾ ਨਿਰਮਾਣ:** ਪੰਜਾਬ ਦੇ ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ ਹੈ। ਲੋਕ ਪ੍ਰਤਿਭਾ ਨਿਖਰਦੀ ਹੈ ਅਤੇ ਚਰਿੱਤਰ ਦਾ ਨਿਰਮਾਣ ਵੀ ਹੁੰਦਾ ਹੈ ।

**ਸਾਂਸਕ੍ਰਿਤਿਕ ਨੁਹਾਰ:** ਪੰਜਾਬ ਦੇ ਮੇਲੇ ਤਿੱਥਾਂ, ਰੁੱਤਾਂ ਨਾਲ ਸੰਬੰਧਿਤ ਹਨ। ਪੰਜਾਬੀ ਪੂਰੇ ਜਲੌਅ ਨਾਲ ਮੇਲੇ ਦਾ ਆਨੰਦ ਮਾਣਦੇ ਹਨ। ਮਨੋਰੰਜਨ ਦਾ ਸਾਧਨ ਹੋਣ ਦੇ ਨਾਲ- ਨਾਲ ਕਿਸੇ ਜਾਤੀ ਦੀ ਸੰਸਕ੍ਰਿਤਕ ਨੁਹਾਰ ਵੀ ਮੇਲਿਆਂ ਵਿੱਚ ਦੇਖੀ ਜਾ ਸਕਦੀ ਹੈ। ਮੇਲਿਆਂ ਅਤੇ ਤਿਉਹਾਰਾਂ ਵਿੱਚ ਸੰਸਕ੍ਰਿਤਿਕ ਨੁਹਾਰ ਜਾਂ ਸੰਸਕ੍ਰਿਤਿਕ ਰੰਗ ਪ੍ਰਤੀਬਿੰਬਤ ਹੁੰਦਾ ਹੈ ।

**ਮੇਲ -ਜੋਲ ਦੇ ਵਸੀਲੇ :** ਮੇਲੇ ਮਨ-ਪ੍ਰਚਾਵੇ ਦਾ ਵਸੀਲਾ ਹੋਣ ਦੇ ਨਾਲ- ਨਾਲ ਧਾਰਮਿਕ ਅਤੇ ਕਲਾਤਮਿਕ ਭਾਵਾਂ ਦੀ ਪੂਰਤੀ ਕਰਦੇ ਹਨ ।ਜਿੱਥੇ ਮੇਲੇ ਮਨ-ਪ੍ਰਚਾਵੇ ਦਾ ਸਾਧਨ ਹਨ, ਉਥੇ ਮੇਲ -ਜੋਲ ਦੇ ਵਸੀਲੇ ਹੋਣ ਦੇ ਨਾਲ- ਨਾਲ ਆਪਸੀ ਸੱਭਿਆਚਾਰਕ ਮਿਲਾਪ-ਭਾਵਾਂ ਦੀ ਪੂਰਤੀ ਕਰਦੇ ਹਨ ।

ਪ੍ਰਸ਼ਨ ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ ਕਿਹੜੇ ਹਨ? ਇਨ੍ਹਾਂ ਵਿੱਚੋਂ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ ।

ਉੱਤਰ: **ਮੌਸਮੀ ਮੇਲੇ:** ਪੰਜਾਬ ਦੇ ਬਹੁਤੇ ਮੇਲੇ ਮੌਸਮਾਂ, ਰੁੱਤਾਂ ਅਤੇ ਤਿਉਹਾਰਾਂ ਨਾਲ ਸਬੰਧਿਤ ਹਨ। ਮੌਸਮੀ ਮੇਲੇ ਜੋ ਮਨੁੱਖੀ ਮਨ ਦੀ ਕੁਦਰਤ ਨਾਲ ਇਕਸੁਰਤਾ ਦੇ ਪ੍ਰਤੀਕ ਹਨ, ਇਹ ਰੁੱਤਾਂ ਦੇ ਬਦਲਦੇ ਗੇੜ ਵਿੱਚੋਂ ਜਨਮੇ ਹਨ। ਹਰ ਨਵੀਂ ਰੁੱਤ ਆਪਣੇ ਨਾਲ ਨਵੇਂ


ਕੁਦਰਤੀ ਵਾਤਾਵਰਨ ਨੂੰ ਲੈ ਕੇ ਆਉਂਦੀ ਹੈ ਤੇ ਜੀਵਨ ਵਿਚ ਨਵਾਂ ਸਾਹਸ ਭਰਦੀ ਹੈ ।ਰੁੱਤਾਂ ਵਿੱਚੋਂ ਸਭ ਤੋਂ ਮਿੱਠੀ ਤੇ ਸੋਹਣੀ ਰੁੱਤ ਬਸੰਤ ਦੀ ਰੁੱਤ ਹੁੰਦੀ ਹੈ । **ਬਸੰਤ, ਹੋਲੀ ਅਤੇ ਤੀਆਂ ਆਦਿ ਪੰਜਾਬ ਦੇ ਮੁੱਖ ਮੌਸਮੀ ਮੇਲੇ ਹਨ। ਬਸੰਤ ਪੰਚਮੀ ਦਾ ਮੇਲਾ ਬਹਾਰ ਦੀ ਰੁੱਤ ਵਿੱਚ ਆਉਂਦਾ ਹੈ। ਹੋਲੀ ਦੇ ਸੰਬੰਧ ਵਿੱਚ ਫੱਗਣ ਵਿੱਚ ਮੇਲੇ ਲੱਗਦੇ ਹਨ। ਤੀਆਂ ਦੇ ਮੇਲੇ ਸਾਵਣ ਵਿੱਚ ਜੁੜਦੇ ਹਨ।**

**ਬਸੰਤ ਪੰਚਮੀ ਦਾ ਮੇਲਾ:** ਬਸੰਤ ਦੀ ਸੁਹਾਵਣੀ ਰੁੱਤੇ ਮਾਘ ਸੁਦੀ ਪੰਜ ਨੂੰ ਬਸੰਤ ਪੰਚਮੀ ਦਾ ਤਿਉਹਾਰ ਸਾਰੇ ਪੰਜਾਬ ਵਿਚ ਬੜੇ ਚਾਅ ਅਤੇ ਹੁਲਾਸ ਨਾਲ ਮਨਾਇਆ ਜਾਂਦਾ ਹੈ ਅਨੇਕ ਥਾਈਂ ਨਿੱਕੇ ਵੱਡੇ ਮੇਲੇ ਲੱਗਦੇ ਹਨ ਪਟਿਆਲੇ ਤੇ ਛੇਹਰਟੇ ਦੀ ਬਸੰਤ ਪੰਚਮੀ ਖਾਸ ਪ੍ਰਸਿੱਧ ਹੈ ਦੇਸ਼ ਵੰਡ ਤੋਂ ਪਹਿਲਾਂ ਬਸੰਤ ਦਾ ਇਕ ਵੱਡਾ ਮੇਲਾ ਹਕੀਕਤ ਰਾਏ ਦੀ ਸਮਾਧ ਉਤੇ ਲਾਹੌਰ ਵਿਚ ਲੱਗਿਆ ਕਰਦਾ ਸੀ ।ਬਸੰਤ ਪੰਚਮੀ ਦੇ ਮੇਲੇ ਵਾਲੇ ਦਿਨ ਲੋਕ ਬਸੰਤੀ ਕੱਪੜੇ ਪਹਿਨਦੇ ਬਸੰਤੀ ਹਲਵਾ ਬਣਾ ਕੇ ਇਕ ਦੂਜੇ ਵਿਚ ਵੰਡਦੇ ਹਨ । **ਬਸੰਤ ਪੰਚਮੀ ਦਾ ਮੇਲਾ ਬਹਾਰ ਦੀ ਰੁੱਤ ਵਿੱਚ ਆਉਂਦਾ ਹੈ।**

**ਤੀਆਂ ਦਾ ਮੇਲਾ:** **ਤੀਆਂ ਦੇ ਮੇਲੇ ਦਾ ਮੌਸਮੀ ਮੇਲਿਆਂ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਮੇਲਾ ਸਾਵਣ ਦੀ ਰੁੱਤੇ ਜੁੜਦਾ ਹੈ। ਨਵੀਆਂ ਵਿਆਹੀਆਂ-ਵਰ੍ਹੀਆਂ ਕੁੜੀਆਂ ਇਸ ਤਿੱਥ ਦੀ ਉਡੀਕ ਖਾਸ ਉਤਸੁਕਤਾ ਨਾਲ ਕਰਦੀਆਂ ਹਨ। ਤੀਆਂ ਦਾ ਮੇਲਾ ਹਰ ਪਿੰਡ ਵਿੱਚ ਲੱਗਦਾ ਹੈ ।ਜੇ ਹੋਰ ਕੁੱਝ ਨਹੀਂ ਤਾਂ ਪਿੰਡ ਦੀਆਂ ਕੁੜੀਆਂ, ਪਿੱਪਲਾਂ ਹੇਠਾਂ ਪੀਂਘਾਂ ਪਾ ਕੇ ਝੂਟਦੀਆਂ ਤੇ ਤੀਆਂ ਦੇ ਗੀਤ ਗਾਉਂਦੀਆਂ, ਮੇਲਾ ਰਚ ਲੈਂਦੀਆਂ ਹਨ।**

**ਹੋਲੀ:** ਫੱਗਣ ਮਹੀਨੇ ਵਿੱਚ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹੋਲੀ ਰੰਗਾਂ ਦਾ ਤਿਉਹਾਰ ਹੈ। ਕਹਿੰਦੇ ਹਨ ਕਿ ਰੰਗਾਂ ਵਿੱਚ ਕੁਦਰਤ ਵੱਸਦੀ ਹੈ ਤੇ ਕੁਦਰਤ ਵਿੱਚ ਰੱਬ ਰੰਗਾਂ ਨਾਲ ਖੇਡਦਾ ਪੰਜਾਬੀ ਕੁਦਰਤ ਤੇ ਰੱਬ ਦੋਹਾਂ ਨਾਲ ਇਕਸੁਰ ਹੋ ਜਾਂਦਾ ਹੈ। ਇਹ ਤਿਉਹਾਰ ਪ੍ਰਾਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ। ਕਈ ਹੋਲੀ ਨੂੰ ਪੁਰਾਣਿਕ ਕਾਲ ਦੇ ਪ੍ਰਹਿਲਾਦ ਭਗਤ ਦੀ ਕਥਾ ਨਾਲ ਜੋੜਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੁਰਬ ਨੂੰ, ਪੰਜਾਬੀਆਂ ਦੀਆਂ ਬੀਰ-ਭਾਵਨਾਵਾਂ ਨੂੰ ਪ੍ਰਜਵਲਿਤ ਕਰਨ ਲਈ ਨਵੀਂ ਦਿਸ਼ਾ ਦਿੱਤੀ। ਉਹ ਹੋਲੀ ਵਾਲੇ ਦਿਨ ਅਨੰਦਪੁਰ ਸਾਹਿਬ ਵਿੱਚ ਇੱਕ ਦਰਬਾਰ ਸਜਾਇਆ ਕਰਦੇ ਸਨ, ਜਿਸ ਵਿੱਚ ਸੂਰਮੇ ਇਕੱਠੇ ਹੋ ਕੇ ਸ਼ਸਤਰਾਂ ਦੇ ਕਰਤੱਬ ਵਿਖਾਉਂਦੇ ਅਤੇ ਗੁਰੂ ਜੀ ਸਿਰਕੱਢ ਸੂਰਮਿਆਂ ਨੂੰ ਇਨਾਮ ਤੇ ਸਨਮਾਨ ਦਿਆ ਕਰਦੇ ਸਨ। ਹੁਣ ਵੀ ਹੋਲੇ-ਮਹੱਲੇ ਨੂੰ ਅਨੰਦਪੁਰ ਸਾਹਿਬ ਵਿੱਚ ਭਾਰੀ ਮੇਲਾ ਜੁੜਦਾ ਹੈ।




ਪ੍ਰਸ਼ਨ: ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸਰਪ ਪੂਜਾ ਨਾਲ ਸਬੰਧਿਤ ਕਿਹੜੇ ਮੇਲੇ ਹਨ? ਇਨ੍ਹਾਂ ਵਿੱਚੋਂ ਕਿਸੇ ਇੱਕ ਮੇਲੇ ਦਾ ਵਰਨਣ ਕਰੋ ?

ਉਤਰ: **ਸਰਪ- ਪੂਜਾ:** ਪੰਜਾਬ ਦੇ ਕੁਝ ਮੇਲੇ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸਰਪ- ਪੂਜਾ ਦੀ ਦੇਣ ਹਨ। ਪੁਰਾਣ ਕਥਾਵਾਂ ਅਨੁਸਾਰ ਧਰਤੀ ਸ਼ੇਸ਼ਨਾਗ ਦੇ ਫੰਨਾਂ ਉੱਤੇ ਖੜ੍ਹੀ ਹੈ। ਪਰਲੋ ਵੇਲੇ ਵਿਸ਼ਨੂੰ ਭਗਵਾਨ ਸ਼ੇਸ਼ਨਾਗ ਦੀ ਸੇਜ ਉੱਤੇ ਹੀ ਨਿਵਾਸ ਕਰਦੇ ਹਨ ਅਤੇ ਸ਼ੇਸ਼ਨਾਗ ਆਪਣੇ ਹਜ਼ਾਰ ਫੰਨਾਂ ਨਾਲ ਵਿਸ਼ਨੂੰ ਦੇ ਸਿਰ ਉੱਤੇ ਛਤਰ ਵਾਂਗ ਝੂਲਦਾ ਹੈ ।ਆਦਿ ਮਨੁੱਖ ਦਾ ਇਹ ਵਿਸ਼ਵਾਸ ਸੀ ਕਿ ਸ਼ੇਸ਼ਨਾਗ ਭੋਇੰ ਦੀ ਉਤਪਾਦਿਕਤਾ ਉੱਤੇ ਵੀ ਅਸਰ ਪਾਉਂਦਾ ਹੈ ।ਪਹਿਲੇ ਸਮਿਆਂ ਵਿੱਚ ਕਿਸਾਨ ਪੈਲੀ ਨੂੰ ਵਾਹੁਣ, ਬੀਜਣ ਤੇ ਵੱਢਣ ਤੋਂ ਪਹਿਲਾਂ ਨਾਗ ਪੂਜਾ ਕਰਦੇ ਸਨ ਇਨ੍ਹੀਂ ਦਿਨੀਂ ਖੇਤਾਂ ਦੇ ਨੇੜੇ ਮੇਲੇ ਵੀ ਲੱਗਿਆ ਕਰਦੇ ਸਨ ਜਿਨ੍ਹਾਂ ਵਿੱਚ ਨਾਗ ਦੇਵਤੇ ਦੀ ਪੂਜਾ ਕੀਤੀ ਜਾਂਦੀ ਸੀ ਇਨ੍ਹਾਂ ਮੇਲਿਆਂ ਨੂੰ **ਨਾਗ -ਮਾਹਾ** ਕਿਹਾ ਜਾਂਦਾ ਸੀ ।

**ਗੁੱਗੇ ਨਾਲ ਸਬੰਧਿਤ ਮੇਲੇ:** ਵਰਖਾ ਰੁੱਤ ਦੇ ਕੁਝ ਮੇਲੇ ਗੁੱਗੇ ਨਾਲ ਸੰਬੰਧਿਤ ਹਨ। ਗੁੱਗੇ ਦੀ ਪੂਜਾ ਅਸਲ ਵਿੱਚ ਸਰਪ ਪੂਜਾ ਦਾ ਵਧੇਰੇ ਸੁਧਰਿਆ ਰੂਪ ਹੈ । **ਗੁੱਗਾ** ਸ਼ਬਦ ਉਸ ਸੱਪ ਦਾ ਵਾਚਕ ਹੈ ਜੋ ਰੂਪ ਬਦਲ ਕੇ ਮਨੁੱਖ ਦਾ ਜਾਮਾ ਧਾਰਨ ਕਰ ਸਕੇ। ਲੋਕਧਾਰਾ ਅਨੁਸਾਰ ਗੁੱਗਾ ਮੂਲ ਰੂਪ ਵਿੱਚ ਸੱਪਾਂ ਦਾ ਰਾਜਾ ਸੀ ਜੋ ਮਨੁੱਖੀ ਜਾਮੇ ਵਿਚ ਸੰਸਾਰ ਵਿਚ ਆਇਆ । ਜਾਪਦਾ ਹੈ ਕਿ ਗੁੱਗਾ ਕੋਈ ਰਾਜਪੂਤੀ ਯੋਧਾ ਸੀ ਜਿਸ ਨੇ ਕੁੱਝ ਲੜਾਈਆਂ ਆਪਣੇ ਕਬੀਲੇ ਦੇ ਲੋਕਾਂ ਨਾਲ ਲੜੀਆਂ ਅਤੇ ਕੁਝ ਬਾਹਰੋਂ ਆਏ ਮੁਸਲਮਾਨ ਧਾੜਵੀਆਂ ਨਾਲ ।ਇਸ ਦੀ ਵੀਰ ਗਾਥਾ ਉਤੇ ਪਿੱਛੋਂ ਮੁਸਲਮਾਨੀ ਰੰਗ ਚਾੜ੍ਹ ਦਿੱਤਾ ਗਿਆ ਅਤੇ ਸਮੇਂ ਦੇ ਬੀਤਣ ਨਾਲ ਲੋਕ ਧਾਰਾ ਦੇ ਅਨੇਕ ਤੱਤ ਇਸ ਕਥਾ ਵਿੱਚ ਸਮਾ ਗਏ। ਹੌਲੀ -ਹੌਲੀ ਗੁੱਗੇ ਨੂੰ ਸਰਪ- ਪੂਜਾ ਨਾਲ ਜੋੜ ਲਿਆ ਗਿਆ। ਗੁੱਗੇ ਦੀ ਸਿਮਰਤੀ ਵਿੱਚ ਬਹੁਤ ਵੱਡਾ ਮੇਲਾ ਛਪਾਰ ਵਿੱਚ ਲੱਗਦਾ ਹੈ ।

**ਛਪਾਰ ਦਾ ਮੇਲਾ:** ਇਹ ਲੁਧਿਆਣੇ ਦੇ ਪਿੰਡ ਛਪਾਰ ਵਿੱਚ ਭਾਦਰੋਂ ਸੁਦੀ ਚੌਦਾਂ ਨੂੰ ਲੱਗਦਾ ਹੈ। ਇੱਥੇ ਪਿੰਡ ਦੀ ਦੱਖਣੀ ਗੁੱਠੇ ਗੁੱਗੇ ਪੀਰ ਦੀ ਇੱਕ ਮਾੜੀ ਹੈ। ਇਸ ਦੀ ਗੁੱਗੇ ਦੇ ਭਗਤਾਂ ਨੇ ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ **1880** ਬਿਕਰਮੀ ਵਿੱਚ ਇੱਥੇ ਸਥਾਪਨਾ

ਕੀਤੀ। ਉਦੋਂ ਤੋਂ ਹੀ ਇਹ ਮੇਲਾ ਚੱਲਿਆ ਆ ਰਿਹਾ ਹੈ। ਛਪਾਰ ਦਾ ਮੇਲਾ ਭਾਵੇਂ ਗੁੱਗੇ ਦੀ ਸਿਮਰਤੀ ਵਿੱਚ ਲੱਗਦਾ ਹੈ ਪਰ ਇਸ ਵਿੱਚ ਗੁੱਗੇ ਦੇ ਭਗਤਾਂ ਤੋਂ ਬਿਨਾਂ ਦੂਜੇ ਲੋਕ ਵੀ ਸ਼ਾਮਲ ਹੁੰਦੇ ਹਨ ਅਤੇ ਇਸ ਮੇਲੇ ਦਾ ਚਰਿੱਤਰ ਲੌਕਿਕ ਹੋ ਗਿਆ ਹੈ। ਇਸ ਮੇਲੇ ਵਿੱਚ ਪੰਜਾਬੀਆਂ ਨੂੰ ਉਨ੍ਹਾਂ ਦੇ ਪੂਰੇ ਰੰਗ ਵਿੱਚ ਵੇਖਿਆ ਜਾ ਸਕਦਾ ਹੈ।




ਪ੍ਰਸ਼ਨ : ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ? ਦੇਵੀ ਮਾਤਾ ਨਾਲ ਸੰਬੰਧਿਤ ਕਿਸੇ ਇੱਕ ਮੇਲੇ ਤੇ ਸੰਖੇਪ ਨੋਟ ਲਿਖੋ ?

ਉੱਤਰ : **ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ:** ਕੁਝ ਮੇਲੇ ਦੇਵੀ ਮਾਤਾ ਨੂੰ ਪਤਿਆਉਣ ਲਈ ਲੱਗਦੇ ਹਨ। ਦੇਵੀ ਮਾਤਾ ਦੀ ਪੂਜਾ ਇੱਥੇ ਮੁੱਢ ਕਦੀਮ ਤੋਂ ਚੱਲੀ ਆ ਰਹੀ ਹੈ। ਮਹਿੰਜੋਦੜੋ ਤੇ ਹੜੱਪਾ ਦੀ ਖੁਦਾਈ ਵਿੱਚੋਂ ਕੁਝ ਮੂਰਤੀਆਂ ਦੇਵੀ ਮਾਤਾ ਦੀਆਂ ਵੀ ਲੱਭੀਆਂ ਹਨ ।ਪਹਾੜੀ ਇਲਾਕੇ ਵਿੱਚ ਦੇਵੀ ਮਾਤਾ ਦੀ ਪੂਜਾ ਮੈਦਾਨੀ ਇਲਾਕੇ ਦੇ ਮੁਕਾਬਲੇ ਜ਼ਿਆਦਾ ਪ੍ਰਚੱਲਿਤ ਹੈ। ਜਵਾਲਾ ਜੀ, ਚਿੰਤਪੁਰਨੀ, ਨੈਣਾਂ ਦੇਵੀ ਅਤੇ ਮਨਸਾ ਦੇਵੀ ਦੇ ਅਸਥਾਨਾਂ 'ਤੇ ਚੇਤਰ ਅਤੇ ਅੱਸੂ ਮਹੀਨਿਆਂ ਵਿਚ ਨਰਾਤਿਆਂ ਦੇ ਦਿਨੀਂ ਮੇਲੇ ਲੱਗਦੇ ਹਨ ।

**ਜਰਗ ਦਾ ਮੇਲਾ:** ਇਹ ਮੇਲਾ ਚੇਤਰ ਮਹੀਨੇ ਦੇ ਪਹਿਲੇ ਮੰਗਲਵਾਰ ਨੂੰ ਜਰਗ ਪਿੰਡ ਵਿਚ ਸੀਤਲਾ ਦੇਵੀ ਨੂੰ ਪਤਿਆਉਣ ਲਈ ਲੱਗਦਾ ਹੈ। ਲੋਕਾਂ ਦਾ ਮੰਨਣਾ ਹੈ ਕਿ ਬੱਚਿਆਂ ਨੂੰ ਚੇਚਕ ਦੇ ਦਾਣੇ ਸੀਤਲਾ ਦੇਵੀ ਦੇ ਪ੍ਰਵੇਸ਼ ਕਰਨ ਨਾਲ ਨਿਕਲਦੇ ਹਨ ।ਸੀਤਲਾ ਦੇਵੀ ਨੂੰ ਖ਼ੁਸ਼ ਰੱਖਣ ਲਈ ਲੋਕਾਂ ਵੱਲੋਂ ਕਈ ਰੱਖਾਂ ਤੇ ਉਪਾਅ ਕੀਤੇ ਜਾਂਦੇ ਹਨ ।ਜਿਨ੍ਹਾਂ ਮਾਵਾਂ ਦੇ ਬੱਚੇ ਅਰੋਗ ਹੋ ਜਾਂਦੇ ਹਨ ,ਉਹ ਉਚੇਚੇ ਤੌਰ ਤੇ ਜਰਗ ਦੇ ਮੇਲੇ ਤੇ ਸੁੱਖਣਾ ਦੇਣ ਆਉਂਦੀਆਂ ਹਨ। ਜਰਗ ਦਾ ਮੇਲਾ ਇੱਕ ਟੋਭੇ ਦੁਆਲੇ ਲਗਦਾ ਹੈ ।ਮਾਤਾ ਦੀ ਪੂਜਾ ਕਰਨ ਵਾਲੇ ਟੋਭੇ ਵਿੱਚੋਂ

ਮਿੱਟੀ ਕੱਢ ਕੇ ਮਟੀਲਾ ਜਿਹਾ ਖੜ੍ਹਾ ਕਰ ਲੈਂਦੇ ਹਨ ।ਇਸ ਮਟੀਲੇ ਨੂੰ ਮਾਤਾ ਦਾ ਰੂਪ ਮੰਨਕੇ ਪੂਜਿਆ ਜਾਂਦਾ ਹੈ ਤੇ ਭੇਟਾਵਾਂ ਚੜ੍ਹਾਈਆਂ ਜਾਂਦੀਆਂ ਹਨ ।

ਮੇਲੇ ਵਿੱਚ ਦੇਵੀ ਮਾਤਾ ਨੂੰ **ਬਹਿੜੀਏ** ਅਥਵਾ ਬੇਹੇ ਗੁਲਗਲੇ ਭੇਂਟ ਕੀਤੇ ਜਾਂਦੇ ਹਨ। ਇਸ ਕਰਕੇ ਇਸ ਇਸ ਮੇਲੇ ਨੂੰ **ਬਹਿੜੀਏ ਦਾ ਮੇਲਾ** ਵੀ ਕਿਹਾ ਜਾਣ ਲੱਗ ਪਿਆ ਹੈ।ਜਿਨ੍ਹਾਂ ਲੋਕਾਂ ਨੇ ਸੁੱਖਾਂ ਸੁੱਖੀਆਂ ਹੁੰਦੀਆਂ ਹਨ, ਉਨ੍ਹਾਂ ਦੁਆਰਾ ਮੇਲੇ ਦੀ ਪੂਰਵ ਸੰਧਿਆ ਨੂੰ ਮਾਈ ਦੀ ਭੇਟਾ ਲਈ ਗੁਲਗਲੇ ਪਕਾ ਕੇ ਪਹਿਲਾਂ ਸ਼ੀਤਲਾ ਦੇਵੀ ਦੇ ਵਾਹਨ ਖੋਤੇ ਨੂੰ ਖੁਆਏ ਜਾਂਦੇ ਹਨ ਤੇ ਫਿਰ ਕੁਝ ਵੰਡੇ ਤੇ ਕੁਝ ਆਪ ਖਾਧੇ ਜਾਂਦੇ ਹਨ।

ਇਸ ਮੇਲੇ ਵਿੱਚ ਖੋਤਿਆਂ ਦੀ ਬੜੀ ਕਦਰ ਕੀਤੀ ਜਾਂਦੀ ਹੈ। ਲੋਕੀਂ ਇਨ੍ਹਾਂ ਨੂੰ ਸੀਤਲਾ ਮਾਤਾ ਦੇ ਵਾਹਣ ਹੋਣ ਕਰਕੇ ਪੂਜਦੇ ਅਤੇ ਗੁਲਗਲੇ ਤੇ ਛੋਲੇ ਆਦਿ ਭੇਟ ਕਰਦੇ ਹਨ। ਘੁਮਿਆਰ ਆਪੋ- ਆਪਣੇ ਖੋਤਿਆਂ ਨੂੰ ਸਜ਼ਾ ਸ਼ਿੰਗਾਰ ਕੇ ਲਿਆਉਂਦੇ ਹਨ ।




ਪ੍ਰਸ਼ਨ: ਗੁਰੂ ਸਾਹਿਬਾਨ ਦੀ ਸਿਮਰਤੀ ਵਿੱਚ ਪੰਜਾਬ ਦੇ ਕਿਹੜੇ ਕਿਹੜੇ ਮੇਲੇ ਲੱਗਦੇ ਹਨ ਕਿਸੇ ਇੱਕ ਮੇਲੇ ਬਾਰੇ ਜਾਣਕਾਰੀ ਦਿਓ ?

ਉੱਤਰ- **ਗੁਰੂ ਸਾਹਿਬਾਂ ਦੀ ਸਿਮਰਤੀ ਵਿੱਚ ਮੇਲੇ :**ਪੰਜਾਬ ਗੁਰੂਆਂ ਦੀ ਇਲਾਹੀ ਧਰਤੀ ਹੈ। ਪ੍ਰੋਫੈਸਰ ਪੂਰਨ ਸਿੰਘ ਅਨੁਸਾਰ ਪੰਜਾਬ ਜਿਉਂਦਾ ਹੀ ਗੁਰਾਂ ਦੇ ਨਾ ਉੱਤੇ ਹੈ। ਪੰਜਾਬ ਦੀ ਚੱਪਾ- ਚੱਪਾ ਧਰਤੀ ਗੁਰੂਆਂ ਦੇ ਜੀਵਨ ਦੇ ਕਿਸੇ ਨਾ ਕਿਸੇ ਪ੍ਰਸੰਗ ਨੂੰ ਹਿੱਕ ਵਿੱਚ ਸਮੋਈ ਬੈਠੀ ਹੈ। ਗੁਰੂਆਂ ਦੇ ਪਾਵਨ ਅਸਥਾਨਾਂ ਉੱਤੇ ਖ਼ਾਸ- ਖ਼ਾਸ ਤਿੱਥਾਂ ਨੂੰ ਮੇਲੇ ਲੱਗਦੇ ਹਨ। ਪੱਛਮੀ ਪੰਜਾਬ ਵਿੱਚ ਹਰ ਪੂਰਨਮਾਸੀ ਨੂੰ ਪੰਜਾ ਸਾਹਿਬ ਵਿੱਚ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਨਨਕਾਣਾ ਸਾਹਿਬ ਵਿੱਚ ਭਾਰੀ ਮੇਲਾ ਲੱਗਦਾ ਸੀ। ਲਾਹੌਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉੱਤੇ ਡੇਹਰਾ ਸਾਹਿਬ ਜੋ ਕਿ ਅੱਜਕੱਲ੍ਹ ਪਾਕਿਸਤਾਨ ਵਿੱਚ ਹੈ, ਵਿਖੇ ਜੋੜ-ਮੇਲਾ ਲੱਗਿਆ ਕਰਦਾ ਸੀ। ਭਾਰਤੀ ਪੰਜਾਬ ਵਿੱਚ ਮੁਕਤਸਰ, ਤਰਨਤਾਰਨ, ਡੇਰਾਬਾਬਾ ਨਾਨਕ ਤੇ ਗੁਰਦਾਸਪੁਰ ਆਦਿ ਥਾਵਾਂ ਉੱਤੇ ਗੁਰੂ ਸਾਹਿਬਾਂ ਦੀ ਸਿਮਰਤੀ ਵਿੱਚ ਮੇਲੇ ਲੱਗਦੇ ਹਨ , ਜਿਨ੍ਹਾਂ ਵਿੱਚੋਂ ਮੁਕਤਸਰ ਦਾ ਮੇਲਾ, ਆਨੰਦਪੁਰ ਸਾਹਿਬ ਦਾ ਹੋਲ- ਮਹੱਲਾ ਅਤੇ ਤਰਨਤਾਰਨ ਦੀ ਮੱਸਿਆ ਪ੍ਰਸਿੱਧ ਹਨ ।

**ਮੁਕਤਸਰ ਦਾ ਮੇਲਾ:** ਇਹ ਪ੍ਰਸਿੱਧ ਮੇਲਾ ਮਾਘੀ ਵਾਲੇ ਦਿਨ ਮੁਕਤਸਰ ਵਿੱਚ ਲੱਗਦਾ ਹੈ ।ਇਤਿਹਾਸ ਦੱਸਦਾ ਹੈ ਕਿ 1705 (ਸਤਾਰਾਂ ਸੌ ਪੰਜ ਈਸਵੀ) ਵਿੱਚ ਮੁਗਲਾਂ ਦੀਆਂ ਫੌਜਾਂ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰਦਿਆਂ ਮਾਲਵੇ ਦੇ ਇਲਾਕੇ ਵਿੱਚ ਆਈਆਂ ਤਾਂ ਸਿੰਘਾਂ ਨੇ ਖ਼ਿਦਰਾਣੇ ਅਜੋਕਾ ਮੁਕਤਸਰ ਦੇ ਤਾਲ ਦੇ ਕੰਢੇ ਵੈਰੀਆਂ ਦਾ ਮੁਕਾਬਲਾ ਕੀਤਾ। ਇਸੇ ਯੁੱਧ ਵਿੱਚ ਚਾਲੀ ਸਿੰਘ ਜੋ ਪਹਿਲਾਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ,ਸ਼ਹੀਦ ਹੋਏ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਥੇਦਾਰ ਮਹਾਂ ਸਿੰਘ ਦੀ ਬੇਨਤੀ ਮੰਨ ਕੇ ਬੇਦਾਵਾ ਪਾੜ ਦਿੱਤਾ ਤੇ ਉਨ੍ਹਾਂ ਨਾਲ ਟੁੱਟੀ ਮੁੜ ਗੰਢੀ। ਗੁਰੂ ਜੀ ਨੇ ਇਨ੍ਹਾਂ ਸ਼ਹੀਦ ਸਿੰਘਾਂ ਨੂੰ ਮੁਕਤੇ ਕਹਿ ਕੇ ਸਨਮਾਨਿਆ ਅਤੇ ਇਸ ਥਾਂ ਦਾ ਨਾਂ

ਮੁਕਤਸਰ ਰੱਖਿਆ। ਮਾਘੀ ਵਾਲੇ ਦਿਨ ਸੰਗਤਾਂ ਹੁੰਮ- ਹੁਮਾ ਕੇ ਇੱਥੇ ਆਉਂਦੀਆਂ ਹਨ ਅਤੇ ਪਾਵਨ ਸਰੋਵਰ ਵਿਚ ਇਸ਼ਨਾਨ ਕਰਦੀਆਂ ਹਨ ।

**ਅਨੰਦਪੁਰ ਦਾ ਹੋਲਾ- ਮਹੱਲਾ:** ਹੋਲੀ ਤੋਂ ਅਗਲੇ ਦਿਨ ਚੇਤ ਵਦੀ ਪਹਿਲੀ ਨੂੰ ਅਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਦੇ ਸਥਾਨ ਉੱਤੇ ਇਕ ਭਾਰੀ ਮੇਲਾ ਲੱਗਦਾ ਹੈ। ਜਿਸ ਨੂੰ ਹੋਲਾ- ਮੁਹੱਲਾ ਆਖਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਸ਼ਸਤਰ ਵਿੱਦਿਆ ਤੇ ਯੁੱਧ ਕਲਾ ਵਿੱਚ ਨਿਪੁੰਨ ਕਰਨ ਲਈ ਦੋ ਦਲ ਬਣਾ ਕੇ ਉਨ੍ਹਾਂ ਵਿਚ ਮਸਨੂਈ ਲੜਾਈ ਕਰਵਾਉਂਦੇ ਤੇ ਬਹਾਦਰ ਯੋਧਿਆਂ ਨੂੰ ਸਰੋਪੇ ਬਖ਼ਸ਼ਦੇ। ਉਦੋਂ ਤੋਂ ਹਰ ਸਾਲ ਅਨੰਦਪੁਰ ਸਾਹਿਬ ਵਿੱਚ ਹੋਲੀ ਤੋਂ ਅਗਲੇ ਦਿਨ ਹੋਲਾ-ਮਹੱਲਾ ਮਨਾਇਆ ਜਾਣ ਲੱਗਾ ।




**ਤਰਨਤਾਰਨ ਦੀ ਮੱਸਿਆ:-** ਤਰਨਤਾਰਨ ਵਿੱਚ ਉੱਞ ਤਾਂ ਹਰ ਮੱਸਿਆ ਨੂੰ ਹੀ ਮੇਲਾ ਲੱਗਦਾ ਹੈ ਪਰ ਭਾਦੋਂ ਦੀ ਮੱਸਿਆ ਨੂੰ ਇੱਕ ਬੜਾ ਭਾਰੀ ਉਤਸਵ ਮਨਾਇਆ ਜਾਂਦਾ ਹੈ। ਲੋਕੀਂ ਦੂਰੋਂ-ਦੂਰ ਹੁੰਮ-ਹੁੰਮਾ ਕੇ ਇਸ ਮੇਲੇ ਵਿੱਚ ਆਉਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਸਥਾਨਾਂ 'ਤੇ ਵੀ ਮਠਿੰਡਾ, ਚਮਕੌਰ ਸਾਹਿਬ ਅਤੇ ਫ਼ਤਿਹਗੜ੍ਹ ਸਾਹਿਬ ਵਿੱਚ ਵੱਡੇ ਜੋੜ-ਮੇਲੇ ਲੱਗਦੇ ਹਨ।

ਪ੍ਰਸ਼ਨ: ਪੰਜਾਬ ਵਿੱਚ ਤਿੱਥਾਂ ਨਾਲ ਸਬੰਧਿਤ ਕਿਹੜੇ- ਕਿਹੜੇ ਤਿਉਹਾਰ ਮਨਾਏ ਜਾਂਦੇ ਹਨ ?

ਉੱਤਰ: ਪੰਜਾਬ ਵਿੱਚ ਤਿਉਹਾਰ ਲਗਾਤਾਰ ਚਲਦੇ ਰਹਿੰਦੇ ਹਨ। ਚੰਨ ਦੀਆਂ ਤਿੱਥਾਂ ਨਾਲ ਸੰਬੰਧਿਤ ਪੁਰਬ ਇਕਾਦਸ਼ੀ ,ਪੂਰਨਮਾਸ਼ੀ ਤੇ ਮੱਸਿਆ ਆਦਿ ਖੂਹ ਦੀਆਂ ਟਿੰਡਾਂ ਵਾਂਗ ਗੇੜੇ ਪਏ ਰਹਿੰਦੇ ਹਨ। ਫਿਰ ਸੰਗਰਾਂਦ ਹਰ ਮਹੀਨੇ ਨਵੇਂ ਮੂੰਹ ਆਉਂਦੀ ਹੈ ।

ਪੰਜਾਬ ਵਿੱਚ ਨਵਾਂ ਵਰ੍ਹਾ ਚੇਤਰ ਦੀ ਏਕਮ ਤੋਂ ਸ਼ੁਰੂ ਹੁੰਦਾ ਹੈ ਇਸ ਦਿਨ **ਨਵਾਂ ਸੰਮਤ** ਮਨਾਇਆ ਜਾਂਦਾ ਹੈ । ਰੁੱਤ ਦਾ ਸੁਆਦ ਮਾਣਨ ਲਈ ਨਵੀਂ ਕਣਕ ਦੀਆਂ ਬੱਲੀਆਂ ਤੇ ਛੋਲਿਆਂ ਦੀਆਂ ਹੋਲ਼ਾਂ ਭੁੰਨ ਕੇ ਖਾਧੀਆਂ ਜਾਂਦੀਆਂ ਹਨ ।ਇਸ ਰੀਤ ਨੂੰ **ਅੰਨ ਨਵਾਂ ਕਰਨਾ** ਕਹਿੰਦੇ ਹਨ।

**ਚੇਤਰ** ਸੁਦੀ ਅੱਠਵੀਂ ਨੂੰ ਦੇਵੀ ਦੇ ਉਪਾਸ਼ਕ ਕੰਜਕਾਂ ਕਰਦੇ ਹਨ। ਇਸ ਦਿਨ ਕੁਆਰੀਆਂ ਕੁੜੀਆਂ, ਜਿਨ੍ਹਾਂ ਨੂੰ ਕੰਜਕਾਂ ਕਹਿੰਦੇ ਹਨ, ਦੇਵੀ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ। ਉਨ੍ਹਾਂ ਨੂੰ ਕੜਾਹ ਪੂੜੀਆਂ ਤੇ ਦੱਖਣਾ ਵਜੋਂ ਪੈਸੇ ਭੇਂਟ ਕੀਤੇ ਜਾਂਦੇ ਹਨ। ਚੇਤਰ ਸੁਦੀ ਨੌ ਨੂੰ ਰਾਮ ਨੌਮੀ ਦਾ ਤਿਉਹਾਰ ਮਨਾਇਆ ਜਾਂਦਾ ਹੈ ।ਸ੍ਰੀ ਰਾਮ ਚੰਦਰ ਜੀ ਦੀ ਮਹਿਮਾ ਵਿੱਚ ਭਜਨ ਗਾਏ ਜਾਂਦੇ ਹਨ ।

**ਭਾਦਰੋਂ** ਦੇ ਮਹੀਨੇ ਗੁੱਗਾ ਨੌਮੀ ਦਾ ਤਿਉਹਾਰ ਆਉਂਦਾ ਹੈ। ਸੱਪਾਂ ਦੀਆਂ ਖੁੱਡਾਂ ਵਿੱਚ ਕੱਚੀ ਲੱਸੀ ਪਾਈ ਜਾਂਦੀ ਹੈ। ਘਰਾਂ ਵਿਚ ਮਿੱਠੀਆਂ ਸੇਵੀਆਂ ਰਿੰਨ੍ਹੀਆਂ ਜਾਂਦੀਆਂ ਹਨ। ਭਾਦਰੋਂ ਦੀ ਕ੍ਰਿਸ਼ਨ ਪੱਖ ਦੀ ਅੱਠਵੀਂ ਨੂੰ ਜਨਮ ਅਸ਼ਟਮੀ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਸ੍ਰੀ ਕ੍ਰਿਸ਼ਨ ਜੀ ਨੇ ਅਵਤਾਰ ਧਾਰਨ ਕੀਤਾ ਸੀ।

**ਅੱਸੂ** ਮਹੀਨੇ ਲੋਕਾਂ ਨੂੰ ਤਾਰਿਆਂ ਵਿੱਚ ਆਪਣੇ ਪਿੱਤਰ ਵਿਖਾਈ ਦਿੰਦੇ ਹਨ। ਇਸ ਲਈ ਹਨੇਰੇ ਪੱਖ ਦੀਆਂ ਪੰਦਰਾਂ ਤਿੱਥਾਂ ਨੂੰ ਸਰਾਧ ਕੀਤੇ ਜਾਂਦੇ ਹਨ । ਸ਼ਰਾਧਾਂ ਦੇ ਮੁੱਕਦਿਆਂ ਹੀ ਨਰਾਤੇ ਸ਼ੁਰੂ ਹੋ ਜਾਂਦੇ ਹਨ, ਜੋ ਕਿ ਅੱਸੂ ਦੇ ਚਾਨਣ ਪੱਖ ਦੀ ਏਕਮ ਤੋਂ ਨੌਵੀਂ ਤਿੱਥ ਤਕ ਚਲਦੇ ਹਨ । ਇਨ੍ਹਾਂ ਤੱਥਾਂ ਵਿਚ **ਮਾਤਾ ਗੌਰਜਾਂ ਤੇ ਸਾਂਝੀ ਮਾਈ** ਦੀ ਪੂਜਾ ਕੀਤੀ ਜਾਂਦੀ ਹੈ ।

**ਕੱਤਕ** ਤੋਂ ਸਰਦੀ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ। ਕੱਤਕ ਦੀ ਪੂਰਨਮਾਸ਼ੀ ਨੂੰ ਸਾਰੇ ਪੰਜਾਬ ਵਿਚ **ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸਵ** ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ । ਕੱਤਕ ਦੀ ਹਨੇਰੇ ਪੱਖ ਦੀ ਚੌਥੀ ਤਿੱਥ ਨੂੰ **ਕਰਵਾ ਚੌਥ** ਦਾ ਪੁਰਬ ਆਉਂਦਾ ਹੈ। ਇਸ ਦਿਨ ਸੁਹਾਗਣ ਇਸਤਰੀਆਂ ਨਿਰਜਲ ਵਰਤ ਰੱਖ ਕੇ ਪਤੀ ਦੀ ਲੰਮੀ ਉਮਰ ਲਈ ਕਾਮਨਾ ਕਰਦੀਆਂ ਹਨ।ਕਰਵਾ ਚੌਥ ਤੋਂ ਚਾਰ ਦਿਨ ਬਾਅਦ **ਅਸ਼ਟਮੀ** ਨੂੰ ਔਲਾਦ ਦੀ ਸੁੱਖ ਸ਼ਾਂਤੀ ਅਤੇ ਤੰਦਰੁਸਤੀ ਲਈ ਨਿਰਜਲ ਵਰਤ ਰੱਖ ਕੇ **ਅਹੋਈ ਦੇਵੀ** ਦੀ ਪੂਜਾ ਕੀਤੀ ਜਾਂਦੀ ਹੈ। ਕੱਤਕ ਦਾ ਸਭ ਤੋਂ ਵੱਡਾ ਲੋਕ ਪੁਰਬ **ਦੀਵਾਲੀ,** ਜੋ ਕੱਤਕ ਦੀ ਮੱਸਿਆ ਨੂੰ ਸਾਰੇ ਭਾਰਤ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਮਨਾਇਆ ਜਾਂਦਾ ਹੈ ।

**ਪੋਹ** ਦੇ ਮਹੀਨੇ ਦੇ ਅਖੀਰਲੇ ਦਿਨ ਲੋਹੜੀ ਮਨਾਈ ਜਾਂਦੀ ਹੈ। ਲੋਹੜੀ ਵਾਲੀ ਰਾਤ ਹਰ ਗਲੀ ਮੁਹੱਲੇ ਵਿਚ ਲੋਹੜੀ ਬਾਲੀ ਜਾਂਦੀ ਹੈ ।

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਆਉਂਦਾ ਹੈ। ਜਿਸ ਨੂੰ **ਮਕਰ ਸਕ੍ਰਾਂਤੀ** ਵੀ ਕਿਹਾ ਜਾਂਦਾ ਹੈ।

**ਫੱਗਣ** ਦੀ ਮੱਸਿਆ ਨੂੰ ਸ਼ਿਵਰਾਤਰੀ ਦਾ ਪੁਰਬ ਆਉਂਦਾ ਹੈ। ਇਸ ਤਰ੍ਹਾਂ ਤਿਉਹਾਰਾਂ ਦਾ ਇਹ ਲੰਬਾ ਕਾਫ਼ਲਾ ਸਾਰਾ ਸਾਲ ਚਲਦਾ ਰਹਿੰਦਾ ਹੈ।

ਚੇਤ :--ਨਵਾਂ ਸੰਮਤ ,ਚੇਤ ਸੁਦੀ ਅੱਠਵੀਂ( ਕੰਜਕਾਂ), ਚੇਤ ਸੁਦੀ ਨੈਮੀ (ਰਾਮਨੈਮੀ )

ਵਿਸਾਖ:- ਵਿਸਾਖੀ ਦਾ ਤਿਓਹਾਰ,

ਜੇਠ :-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪੁਰਬ ,ਇਕਾਦਸ਼ੀ( ਨਿਮਾਣੀ ਕਾਦਸ਼ੀ )

ਸਾਵਣ :- ਤੀਆਂ ਦਾ ਤਿਓਹਾਰ, ਪੂਰਨਮਾਸ਼ੀ, ਰੱਖੜੀ

ਭਾਦੋਂ :--ਗੁੱਗਾ ਨੈਮੀ, ਕ੍ਰਿਸ਼ਨਾ ਪੱਖ ਦੀ ਅੱਠਵੀਂ ਨੂੰ ਜਨਮ ਅਸ਼ਟਮੀ

ਅੱਸੂ:-- ਪੰਦਰਾਂ ਤਿੱਥਾਂ ਨੂੰ ਸਰਾਧ, ਨੌਂ ਨਰਾਤੇ, ਦੁਸਹਿਰਾ

ਕੱਤਕ: -- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ , ਕਰਵਾ ਚੌਥ, ਅਹੋਈ ਦਾ ਵਰਤ,ਦੀਵਾਲੀ

ਪੋਹ :ਇਤਿਹਾਸਕ ਪੁਰਬ ਅਖੀਰਲੇ ਦਿਨ ਲੋਹੜੀ

ਮਾਘ: ਮਾਘੀ ਦਾ ਮੇਲਾ ਮਕਰ ਸਕ੍ਰਾਂਤੀ

ਫੱਗਣ: ਮੱਸਿਆ ਨੂੰ ਸ਼ਿਵਰਾਤਰੀ ਦਾ ਦਿਵਸ